# ਭਾਟ ਸਿੱਖ ਪਤ੍ਰਿਕਾ

ਇੰਟਰਨੈਸ਼ਨਲ ਭਾਟ ਸਿੱਖ ਕੌਂਸਲ ਰਜਿਸਟਰਡ ਚੈਰਿਟੀ

International Bhat Sikh Council Registered Charity

## ਮਾਘੀ 2023

(13 ਜਨਵਰੀ 2023)




**ਦਰਬਾਰ ਸਾਹਿਬ ਮੁਕਤਸਰ**

# ਇੰਟਰਨੈਸ਼ਨਲ ਭਾਟ ਸਿੱਖ ਕੌਂਸਲ (ਰਜਿਸਟਰਡ ਚੈਰਿਟੀ)

**President & General Secretary : S.Daler Singh Totianwale**
**Chief Editor and Chief Organiser: S. Jageer Singh Hamdard**
**Treasurer: S. Amrik Singh Digpal**
**Assistant Editor: S. Punjab Singh Sewak**


S.Daler Singh Bhakar Totianwa


S.Jageer Singh Hamdard


S.Amrik Singh Digpal


S. Punjab Singh Sewak
Safety Counsel Assistant Editor


S Balwinder Singh Digpal Nawanshahr
(Chairman Punjab)


S. Jai Singh Bhakarh
(Organiser Delhi Unit)


S Davinder Singh Digpal
(President Canada)


S. Jagmohan Singh
( General Secretary Canada)

**(ਦਲੇਰ ਸਿੰਘ ਭਾਕੜ ਤੋਤਿਆਂ ਵਾਲਿਆਂ ਨੇ ਸਹਿਤ ਪਰਿਵਾਰ ਆਪਣੇ ਦਾਦਾ ਦਾਦੀ ਜੀ, ਪਿਤਾ ਜੀ, ਮਾਤਾ ਜੀ, ਵੱਡੇ ਵੀਰ ਜੀ ਦੀ ਬਰਸੀ ਦੇ ਸਬੰਧ ਵਿਚ ਮੈਗਜ਼ੀਨ ਦੀ ਸੇਵਾ ਕਰਾਈ)**

ਪੜਦਾਦਾ ਜੀ ਅਤੇ ਉਨ੍ਹਾਂ ਦੇ ਭਾਈ ਸਾਹਿਬ:
ਸ੍ਰ. ਪ੍ਰਤਾਪ ਸਿੰਘ ਜੀ, ਸ੍ਰ. ਨੱਥਾ ਸਿੰਘ ਜੀ, ਸ੍ਰ. ਪਾਲਾ ਸਿੰਘ ਜੀ, ਸ੍ਰ. ਸਾਧੂ ਸਿੰਘ ਜੀ

ਦਾਦਾ ਜੀ ਦੇ ਭਾਈ ਸਾਹਿਬ: ਸ੍ਰ. ਗਹਿਣਾ ਸਿੰਘ ਜੀ, ਸ੍ਰ. ਹਜ਼ੂਰ ਸਿੰਘ ਜੀ, ਸ੍ਰ. ਨਰਸੀ ਸਿੰਘ ਜੀ
ਵੱਡੀ ਮਾਤਾ ਜੀ: ਸਵਰਣ ਕੌਰ ਜੀ, ਸ਼ਾਮ ਕੌਰ ਜੀ

ਧਰਮ ਦੇ ਪਿਤਾ (ਸੌਹਰਾ ਸਾਹਿਬ): ਸ੍ਰ. ਮੰਗਲ ਸਿੰਘ ਜੀ ਪੋਤੀਵਾਲ
ਧਰਮ ਦੇ ਮਾਤਾ (ਸੱਸ ਸਾਹਿਬ): ਇੰਦਰ ਕੌਰ ਜਵੰਿ, ਹਰਿਚਰਣ ਕੌਰ ਜਵੰਿ



**ਦਾਦਾ ਦਾਦੀ**
**ਸ. ਗਹਿਣਾ ਸਿੰਘ ਕਰਮ ਕੌਰ**





**ਪਿਤਾ ਮਾਤਾ**
**ਸ. ਕਰਤਾਰ ਸਿੰਘ (ਫ਼ੋਟੋ)ਸ਼ਾਮ ਕੌਰ ਸਵਰਨ ਕੌਰ**




**ਸ. ਦਲਬੀਰ ਸਿੰਘ**
**ਟੈਟੂ ਆਰਟਿਸਟ ਜਗਾ ਸਿੰਘ ਭਾਕੜ (ਕਰਾਟੀ ਗੋਲਡ ਮੈਡਲ)**





**ਅਮਰਦੀਪ ਸਿੰਘ ਲਾਂਡਾ (ਡਿਗਰੀ ਹਾਸਿਲ ਕਰਦੇ ਹੋਏ)**
**ਮਾਨਚੈਸਟਰ ਮੈਟਰੋਪੋਲੀਟਨ ਯੂਨੀਵਰਸਿਟੀ**

# ਸਾਨੂੰ ਤੋਤਿਆਂਵਾਲੇ ਕਿਉਂ ਕਹਿੰਦੇ ਹਨ ?
## (ਅਸੀਂ ਮਸ਼ਹੂਰ ਕਿਵੇਂ ਹੋਏ ਸੀ?)

ਦੁਨੀਆਂ ਵਿਚ ਬਹੁਤ ਸਾਰੇ ਲੋਕ ਇਸ ਫ਼ਿਕਰ ਵਿਚ ਹਨ ਕਿ ਮਸ਼ਹੂਰੀ ਕਿਵੇਂ ਹਾਸਿਲ ਹੋਵੇ? ਨਾਮਨਾ ਕਿਵੇਂ ਸਥਾਪਿਤ ਕੀਤਾ ਜਾਵੇ? ਪਰ ਕਈ ਵਾਰੀ ਕੀ ਹੁੰਦਾ ਹੈ "*ਕਬਲ ਅਜ਼ ਵਕਤ, ਬੇਸ਼ ਅਜ਼ ਕਿਸਮਤ*" ਵਾਲੀ ਮਿਸਾਲ ਨੂੰ ਚੇਤੇ ਕਰ ਕੇ ਆਪਣੇ ਫ਼ਿਕਰਮੰਦ ਦਿਲ ਨੂੰ ਧੀਰਜ ਦੇਣ ਲਈ ਇਸ ਮਿਸਾਲ ਨੂੰ ਸਹਾਰਾ ਬਣਾਉਣਾ ਪੈ ਜਾਂਦਾ ਹੈ । ਪਰ ਲਗਨ ਦਾ ਦਾਮਨ ਹਮੇਸ਼ਾ ਫੜ ਕੇ ਰਖਣਾ ਚਾਹੀਦਾ ਹੈ। ਲਗਨ ਇਕ ਐਸੀ ਪੌੜੀ ਹੈ ਜੋ ਇਨਸਾਨ ਦੇ ਕਦੇ ਨਾ ਕਦੇ, ਕਿਤੇ ਨਾ ਕਿਤੇ, ਕੰਮ ਆ ਜਾਂਦੀ ਹੈ। ਇਸ ਲਈ ਉਮੀਦ ਦਾ ਦਾਮਨ ਛਡਣਾ ਨਹੀਂ ਚਾਹੀਦਾ।

ਇਸ ਉਮੀਦ ਦੀ ਬੇੜੀ ਵਿਚ ਸਵਾਰ ਹੋ ਕੇ ਮੇਰੇ ਬਜ਼ੁਰਗਾਂ ਨੇ, ਸਾਥੀਆਂ ਨੇ, ਭਰਾਵਾਂ ਨੇ ਤਰੱਕੀ ਯਾਫ਼ਤਾ ਸੰਸਾਰ ਸਮੁੰਦਰ ਵਿਚ, ਸੋਚਾਂ, ਵਿਚਾਰਾਂ, ਸੂਤਰਾਂ ਦੇ ਚੱਪੂਆਂ ਨਾਲ ਬੇੜੀ ਨੂੰ ਕਿਨਾਰੇ ਤਕ ਲੈ ਜਾਣ ਵਿਚ ਕੋਈ ਕਸਰ ਨਹੀਂ ਰੱਖੀ ਅਤੇ ਨਤੀਜੇ ਵਜੋਂ ਅਜ ਅਸੀਂ ਮਸ਼ਹੂਰ ਹੋਏ ਹਾਂ।

ਕਹਾਣੀ ਇਸ ਤਰਹ ਹੈ ਕਿ ਮੇਰੇ ਦਾਦਾ ਜੀ ਸ੍ਰ. ਗਹਿਣਾ ਸਿੰਘ ਭਾਕੜ ਸਨ। ਉਨ੍ਹਾਂ ਦੇ ਆਪਣੇ ਚਾਚਾ ਜੀ ਸ੍ਰ. ਸ਼ਾਮ ਸਿੰਘ ਤੋਤਿਆਂ ਨੂੰ ਸਿਖਾਉਣ ਦੇ ਮਾਹਿਰ ਸਨ। ਓਨ੍ਹਾਂ ਨੇ ਆਪਣੇ ਭਤੀਜੇ ਗਹਿਣਾ ਸਿੰਘ ਨੂੰ ਤੋਤਿਆਂ ਨੂੰ ਸਿਖਾਉਣ ਦੀ ਜਾਚ ਸਿੱਖਾਈ ਸੀ। ਬਾਦ ਵਿਚ ਉਨ੍ਹਾਂ ਨੇ ਮੇਰੇ ਪਿਤਾ ਜੀ ਸ੍ਰ. ਕਰਤਾਰ ਸਿੰਘ ਤੇ ਮੇਰੇ ਚਾਚਾ ਜੀ ਨੂੰ ਤੋਤਿਆਂ ਦੀ ਜਾਚ ਸਿਖਾਈ ਸੀ। ਬਾਦ ਵਿਚ ਮੇਰੇ ਦਾਦਾ ਜੀ ਹੁਣਾਂ ਨੇ ਸਿਤਾਰ ਵਜੌਣ ਦੀ ਜਾਚ ਸਿੱਖ ਲਈ ਅਤੇ ਮਾਹਿਰ ਹੋ ਗਏ। ਬਾਦ ਵਿਚ ਓਨ੍ਹਾਂ ਨੇ ਆਪਣੇ ਚਾਰ ਸਪੁੱਤਰਾਂ ਨਾਲ ਸਰਕਸ ਬਣਾ ਲਈ ਤੇ ਤੋਤਿਆਂ ਦਾ ਕੰਮ ਛੱਡ ਦਿੱਤਾ। ਸ੍ਰ. ਵਸਾਖੀ ਸਿੰਘ, ਸ੍ਰ. ਕਰਤਾਰ ਸਿੰਘ, ਸ੍ਰ. ਗੁਲਜ਼ਾਰ ਸਿੰਘ ਤੇ ਸ੍ਰ. ਸਰਦਾਰ ਸਿੰਘ ਪਾਕਿਸਤਾਨ ਤੇ ਭਾਰਤ ਦੇ ਕੋਨੇ ਕੋਨੇ ਵਿਚ ਸਰਕਸ ਦਾ ਸ਼ੋ ਕਰਦੇ ਹੁੰਦੇ ਸਨ।

ਜਦੋਂ 1949 ਵਿਚ ਉਹ ਆਪਣੀ ਸਰਕਸ ਲੈ ਕੇ ਇੰਡੀਆ ਤੋਂ ਇੰਗਲੈਂਡ ਆਏ ਜਿਸ ਵਿਚ ਤੋਤੇ ਵੀ ਸਨ। ਇੰਗਲੈਂਡ ਦੀ ਗੌਵਰਨਮਿੰਟ ਨੇ ਲਿਵਰਪੂਲ ਵਿਚ ਤੋਤਿਆਂ ਨੂੰ ਡੱਕ ਤੋਂ ਬਾਹਰ ਔਣ ਦੀ ਇਜਾਜ਼ਤ ਨਹੀਂ ਦਿੱਤੀ ਤਾਂ ਓਨਾਂ ਨੂੰ ਹਫ਼ਤੇ ਬਾਅਦ ਓਸੇ ਤਰ੍ਹਾਂ ਵਾਪਿਸ ਔਣਾ ਪਿਆ ਸੀ ਇੰਡੀਆ। ਬਾਅਦ ਵਿਚ ਪਿਤਾ ਜੀ ਨੇ ਦੰਦਸਾਜ਼ੀ ਅਤੇ ਟੈਟੂਇੰਗ ਦਾ ਕੰਮ ਸਿੱਖ ਲਿਆ ਸੀ ਅਤੇ ਵੱਡੇ ਵੀਰ ਸ੍ਰ. ਦਲਬੀਰ ਸਿੰਘ ਨੂੰ ਵੀ ਸਿਖਾ ਦਿੱਤਾ ਸੀ। ਵੱਡੇ ਵੀਰ ਜੀ ਨੇ ਇੰਗਲੈਂਡ ਆ ਕੇ ਟੈਟੂਇੰਗ ਦਾ ਸਟੂਡੀਓ ਖੋਲ੍ਹ ਲਿਆ ਸੀ ਅਤੇ ਨਾਂ ਰੱਖਿਆ ਸੀ "ਸਿਨਬਾਦ ਟੈਟੋ ਆਰਟਿਸਟ", ਜੋ ਕਿ ਸਾਰੇ ਯੂਰਪ ਵਿਚ ਮਸ਼ਹੂਰ ਹੋ ਗਈ ਸੀ। ਸਾਰੇ ਯੂਰਪ ਵਿਚ ਇਕ ਹੀ ਦਸਤਾਰ ਵਾਲਾ ਟੈਟੋ ਆਰਟਿਸਟ ਸੀ। ਅਜੇ ਤਕ ਦੁਨੀਆਂ ਯਾਦ ਕਰਦੀ ਹੈ। ਇਸ ਕ ਰਲੇ ਅਸੀਂ 'ਤੋਤਿਆਂ ਵਾਲੇ' ਨਾਂ ਤੋਂ ਮਸ਼ਹੂਰ ਹੋਏ ਸੀ।

# ਘੁੰਡ

ਸਾਡੀ ਅਜ ਕਲ੍ਹ ਦੀ ਨਵੀਂ ਪਨੀਰੀ ਨੂੰ ਪਹਿਲਾਂ ਤਾਂ ਘੁੰਡ ਕੱਢਣਾ ਹੀ ਨਹੀਂ ਆਉਂਦਾ। ਵਿਚਾਰ ਦੀ ਗੱਲ ਤਾਂ ਇਹ ਹੈ ਕਿ ਜਦੋਂ ਮਾਂ ਬੱਚੀ ਨੂੰ ਸਹੁਰੇ ਘਰ ਜਾਣ ਲਈ ਸਮਝਾਉਂਦੀ ਹੈ ਤੇ ਆਖਦੀ ਹੈ ਕਿ ਧੀਏ ਜਦੋਂ ਸਹੁਰਿਆਂ ਦੇ ਘਰ ਵਿਚ ਕੋਈ ਖੰਗੂਰਾ ਮਾਰੇ ਤਾ ਮਤਲਬ ਇਹ ਹੁੰਦਾ ਹੈ ਕਿ ਘੁੰਡ ਕਢਣਾ ਹੈ। ਤਾਂ ਧੀ ਮਾਂ ਨੂੰ ਪੁੱਛਦੀ ਹੈ ਕਿ ਮਾਂ ਖੰਗੂਰਾ ਕਿਸ ਨੂੰ ਆਖਦੇ ਹਨ! ਮਾਂ ਧੀ ਨੂੰ ਫੇਰ ਸਮਝਾਉਂਦੀ ਹੈ ਕਿ ਜੇ ਕਰ ਕੋਈ ਖੰਘਦਾ ਅੰਦਰ ਆਵੇ ਯਾਂ 'ਅਹਮ' ਕਰੇ ਤਾਂ ਉਸ ਨੂੰ ਖੰਗੂਰਾ ਸਮਝ ਕੇ ਨੂੰਹ ਨੂੰ ਘੁੰਡ ਕੱਢਣ ਦਾ ਸਮਾਂ ਮਿਲ ਜਾਂਦਾ ਹੈ। ਮਾਂ ਫੇਰ ਆਖਦੀ ਹੈ ਕਿ ਜਦੋਂ ਧੀ ਵਿਆਹੀ ਜਾਂਦੀ ਹਾਂ ਤਾਂ ਉਸ ਨੂੰ ਘੁੰਡ ਕੱਢਣਾ ਪੈਂਦਾ ਹੈ।

ਜੇ ਕਰ ਬੱਚੀ ਬਜ਼ਾਰ ਆਂਦੀ ਜਾਂਦੀ ਹੈ ਤਾਂ ਜੇ ਕਰ ਰਸਤੇ ਵਿਚ ਉਸ ਨੂੰ ਸਹੁਰਿਆਂ ਦਾ ਕੋਈ ਰਿਸ਼ਤੇਦਾਰ ਮਿਲ ਪੈਂਦਾ ਹੈ ਤਾਂ ਉਹ ਵਿਚਾਰੀ ਪਹਿਲਾਂ ਤਾਂ ਉਸ ਨੂੰ ਸਿਆਨਣ (ਪਛਾਨਣ) ਦੀ ਕੋਸ਼ਿਸ਼ ਕਰਦੀ ਹੈ ਕਿ ਇਹ ਕੌਣ ਹੈ। ਐਵੇਂ ਘੁੰਡ ਹਰ ਇਕ ਕੋਲੋਂ ਤਾਂ ਨਹੀਂ ਕੱਢਣਾ। ਜੇ ਕਰ ਉਹ ਵੇਖ ਕੇ ਘੁੰਡ ਕਢਦੀ ਹੈ ਤਾਂ ਫੇਰ ਵੀ ਉਲਾਂਬਾ ਆਉਂਦਾ ਹੈ; ਅਤੇ ਜੇ ਕਰ ਕਢਦੀ ਹੀ ਨਹੀਂ ਤਾਂ ਫੇਰ ਵੀ ਉਲਾਂਬਾ ਆਉਂਦਾ ਹੈ। ਅਜ ਕਲ ਬਹੁਤ ਸਾਰੀਆਂ ਬਚੀਆਂ ਕਾਰ ਚਲਾਉਣਾ ਸਿੱਖ ਗਈਆਂ ਹਨ ਤੇ ਕਈ ਹੋਰ ਸਿਖ ਰਹੀਆਂ ਹਨ। ਉਹ ਦਸੋ ਕੀ ਕਰਣਗੀਆਂ? ਜੇ ਕਰ ਉਹ ਕਿਸੇ ਨੂੰ ਵੇਖ ਕੇ ਘੁੰਡ ਕਢ ਲੈਂਦੀਆਂ ਹਨ ਤਾਂ ਐਕਸੀਡੈਂਟ ਤੇ ਜੇ ਨਹੀਂ ਕਢਦੀਆਂ ਤਾਂ ਸਹੁਰਿਆਂ ਦੇ ਰਿਸ਼ਤੇਦਾਰ ਆਖਦੇ ਹਨ ਆਜ਼ਾਦ ਹੋ ਗਈ ਹੈ। ਇਨ੍ਹਾਂ ਗੱਲਾਂ ਨੂੰ ਮੱਦੇ-ਨਜ਼ਰ ਰਖ ਕੇ ਸਾਰਿਆਂ ਨੂੰ ਆਪਣੇ ਘਰਾਂ ਵਿਚ ਵਿਚਾਰ ਕਰਨਾ ਚਾਹੀਦਾ ਹੈ ਕਿ ਇਸ ਰਸਮ ਨੂੰ ਬਿਲਕੁਲ ਘਟਾਇਆ ਜਾਏ। ਧੀਆਂ ਭੈਣਾਂ ਸਾਰਿਆਂ ਦੀਆਂ ਹਨ। ਸ਼ਰਮ ਅੱਖਾਂ ਵਿਚ ਹੁੰਦੀ ਹੈ।

ਵੱਲੋਂ: ਦਲੇਰ ਸਿੰਘ ਭਾਕੜ ਤੋਤਿਆਂ ਵਾਲੇ ਮਿਡਲਸਬਰਾ



# ਸ਼ਰਾਬ, ਬਰਾਤ, ਗੁਰਦੁਆਰੇ ਤੇ ਅਸੀਂ

ਜਦ ਅਸੀਂ ਕਿਸੇ ਸੱਜਣ ਨਾਲ ਬਰਾਤੀ ਬਣ ਕੇ ਬੈਠ ਜਾਂਦੇ ਹਾਂ ਤਾਂ ਅਸੀਂ ਕਹਿੰਦੇ ਹਾਂ ਕਿ ਅਸੀਂ ਉਸ ਨੂੰ ਸਹਿਯੋਗ ਦੇਣ ਲਈ ਚੱਲੇ ਹਾਂ। ਪਰ ਕੋਚ ਵਿਚ ਬੈਠਦਿਆਂ ਹੀ ਸ਼ਰਾਬ ਦੀ ਵਰਤੋਂ ਕਰਨੀ ਸ਼ੁਰੂ ਕਰ ਦੇਂਦੇ ਹਾਂ। ਸਾਨੂੰ ਹਰ ਇਕ ਨੂੰ ਇਹ ਵੀ ਪਤਾ ਹੁੰਦਾ ਹੈ ਕਿ ਮਿਲਨੀ ਤੋਂ ਬਾਦ ਅਸੀਂ ਗੁਰਦੁਆਰੇ ਦੇ ਵਿਚ ਵੀ ਜਾਣਾ ਹੈ। ਅਸੀਂ ਆਪਣੇ ਗੁਰਦੁਆਰਿਆਂ ਵਿਚ ਸ਼ਰਾਬ ਪੀ ਕੇ ਜਾਣਾ ਸਾਰਿਆਂ ਨੇ ਕੀਤਾ ਹੋਇਆ ਹੈ। ਪਰ ਫੇਰ ਵੀ ਅਸੀਂ ਬਰਾਤ ਵਿਚ ਸ਼ਰਾਬ ਦੀ ਵਰਤੋਂ ਕਰ ਕੇ ਦੂਸਰੇ ਸ਼ਹਿਰਾਂ ਦੇ ਗੁਰਦੁਆਰਿਆਂ ਵਿਚ ਜਾ ਵੜਦੇ ਹਾਂ। ਬਹੁਤ ਸਾਰੇ ਬਰਾਤੀ ਤਾਂ ਦੂਜੇ ਸ਼ਹਿਰਾਂ ਵਿਚ ਜਾ ਕੇ ਗ਼ਾਇਬ ਹੀ ਹੋ ਜਾਂਦੇ ਹਨ। ਪਰ ਥੋੜੇ ਜੋ ਸਹਿਯੋਗ ਦੇਣ ਵਾਸਤੇ ਪਿਛੇ ਰਹਿ ਜਾਂਦੇ ਹਨ ਉਹਨਾਂ ਨੇ ਵੀ ਸ਼ਰਾਬ ਜ਼ਰੂਰ ਪੀਤੀ ਹੁੰਦੀ ਹੈ। ਆਖਰ ਕਿਓਂ? ਜੇ ਕਰ ਵੇਖਿਆ ਜਾਏ ਤਾਂ ਸਾਡੀ ਬਰਾਦਰੀ ਸ਼ਰਾਬ ਦੀ ਵਰਤੋਂ ਬਾਕੀ ਦੀ ਦੁਨੀਆਂ ਨਾਲੋਂ ਯਾਦਾ ਕਰਨ ਲਗ ਪਈ ਹੈ। ਜਿਸ ਦਾ ਅਸਰ ਸਾਡੀ ਨੌਜਵਾਨ ਪਨੀਰੀ ਤੇ ਬਹੁਤ ਹੀ ਖਰਾਬ ਪੈ ਰਿਹਾ ਹੈ।ਸਾਡੀ ਬਰਾਦਰੀ ਜਦੋਂ ਵੀ ਪੀਂਦੀ ਹੈ ਤਾਂ ਪੂਰੀ ਸ਼ਰਾਬ ਹੀ ਪੀਂਦੀ ਹੈ। ਇਹ ਉਹਨਾਂ ਕਦੀ ਨਹੀਂ ਕੀਤਾ ਕਿ ਕੋਈ ਵਾਈਨ ਯਾਂ ਕੋਈ ਹੋਰ ਸਹੀ। ਨਹੀਂ ਨਹੀਂ ਸਿਰਫ਼ ਸ਼ਰਾਬ ਜੋ ਸੇਹਤ ਨੂੰ ਖਰਾਬ ਕਰਦੀ ਹੈ ਤੇ ਪੈਸੇ ਦਾ ਨੁਕਸਾਨ ਕਰਦੀ ਹੈ। ਤਕਰੀਬਨ ਸਾਰੇ ਗੁਰਦੁਆਰਿਆਂ ਨੇ ਗੁਰਦੁਆਰੇ ਸ਼ਰਾਬ ਪੀ ਕੇ ਜਾਨਾ ਮਨਾ ਕੀਤਾ ਹੋਇਆ ਹੈ। ਪਰ ਅਸੀਂ ਫੇਰ ਵੀ ਦੂਸਰਿਆਂ ਦੇ ਗੁਰਦੁਆਰੇ ਸ਼ਰਾਬ ਪੀ ਕੇ ਚਲੇ ਜਾਂਦੇ ਹਾਂ ਤੇ ਜਾਕੇ ਮਹਾਰਾਜ ਦੀ ਹਜ਼ੂਰੀ ਮੱਥਾ ਟੇਕ ਕੇ ਦਿਵਾਨ ਹਾਲ ਵਿਚ ਬੈਠ ਜਾਂਦੇ ਹਾਂ ਆਖਰ ਕਿਉਂ? ਅਸੀਂ ਜਿਸ ਤਰਾਂ ਆਪਨਾ ਗੁਰਦੁਅਰਾ ਸਮਝਦੇ ਹਾਂ ਦੂਸਰਿਆਂ ਦੇ ਗੁਰਦੁਆਰੇ ਨੂੰ ਵੀ ਉਸੇ ਤਰ੍ਹਾਂ ਕਿਉਂ ਨਹੀਂ ਸਮਝਦੇ? ਸਾਨੂੰ ਸਾਰੇ ਗੁਰਦੁਆਰਿਆਂ ਨੂੰ ਇਕੋ ਜਿਹਾ ਸਮਝਣਾ ਚਾਹੀਦਾ ਹੈ ਤੇ ਇਕੋ ਜਿਹਾ ਮਾਨ ਸਤਿਕਾਰ ਦੇਣਾ ਚਾਹੀਦਾ ਹੈ ਤੇ ਭਉ ਕਰਨਾ ਚਾਹੀਦਾ ਹੈ। ਸਾਰੇ ਗੁਰਦੁਆਰਿਆਂ ਵਿਚ ਇਕੋ ਵਾਹਿਗੁਰੂ ਵਸਦਾ ਹੈ।

ਵੱਲੋਂ: ਦਲੇਰ ਸਿੰਘ ਭਾਕੜ ਤੋਤਿਆਂ ਵਾਲੇ ਮਿਡਲਸਬਰਾ

# ਤਹੱਮਲ

## (ਕਵਿਤਾ)

ਦਸ ਦਿਓ ਤੁਸੀਂ ਬਿਜਲੀਆਂ ਨੂੰ ਜਾ ਕੇ, ਕਿਸੇ ਨੇ ਆਸ਼ੀਆਨਾ ਨਵਾਂ ਤਾਮੀਰ ਕਰ ਲਿਆ।
ਝੱਖੜਾਂ ਦਾ ਖ਼ੌਫ਼ ਸਾਨੂੰ ਭੁਲਿਆ ਚਿਰੋਕਣਾਂ, ਜ਼ਖ਼ਮਾਂ ਨੂੰ ਲੂਣ ਅਸਾਂ ਅਕਸੀਰ ਕਰ ਲਿਆ।
ਜਾਬਰਾਂ ਦੇ ਜਬਰ ਸਾਰੇ ਮਾਤ ਪੈ ਗਏ, ਕਹਿਰਵਾਨ ਜ਼ਾਲਿਮਾਂ ਨੂੰ ਅਸਾਂ ਅਸੀਰ ਕਰ ਲਿਆ।
ਸਹਿ ਸਹਿ ਕੇ ਦੁਖੜੇ, ਦੁਖੜੇ ਮੁਕਾ ਲਏ; ਦੁਖੜਾ ਜਹਾਨ ਦਾ ਅਸੀਂ ਦਿਲ ਪਜ਼ੀਰ ਕਰ ਲਿਆ।
ਕਫ਼ਨ ਬੰਨ੍ਹ ਕੇ ਸਿਰ ਤੇ ਮਕਤਲ ਨੂੰ ਟੁਰ ਪਏ, ਨ੍ਹੇਰਿਆਂ ਦਾ ਦਾਮਨ ਅਸਾਂ ਲੀਰੋ-ਲੀਰ ਕਰ ਲਿਆ।
ਸਿਰ ਕਟਾਏ ਆਪਣੇ ਸ਼ਮਸ਼ੀਰ ਸਾਹਵੇਂ ਹੱਸ ਕੇ, ਖ਼ੂਨੀ ਸ਼ਮਸ਼ੀਰ ਨੂੰ ਜ਼ੇਰਿ-ਤਾਜ਼ੀਰ ਕਰ ਲਿਆ।
ਵਤਨ-ਫ਼ਰੋਸ਼ ਤਾਜਰਾਂ ਨੂੰ ਲਾਨਤਾਂ ਨੇ ਸਾਥੀਓ, ਬੇਗ਼ੈਰਤਾਂ ਨੇ ਗਿਰਵੀ ਆਪਣਾਂ ਜ਼ਮੀਰ ਕਰ ਲਿਆ।
ਬੇ-ਸ਼ੁਮਾਰ ਆਸ਼ੀਆਨੇ ਅਸਾਂ ਵੀ ਬਣ ਲਏ, ਤਬਾਹੀ ਨੇ ਤਬਾਹੀ ਦਾ ਤਹੱਯਾ ਅਖ਼ੀਰ ਕਰ ਲਿਆ।
ਕਿਨਾਰੇ ਬੋਸ ਕਰਨ ਦੀ ਫ਼ਿਕਰ ਸਾਨੂੰ ਜ਼ਰਾ ਨਹੀਂ, ਤੂਫ਼ਾਨ ਹੀ ਹੁਣ ਅਸਾਂ ਬਗਲਗੀਰ ਕਰ ਲਿਆ।
ਸ਼ਾਕਿਰ ਤੇ ਸਾਬਿਰ ਅਸੀਂ ਹਾਂ ਏਨੇ ਹੋ ਗਏ, ਆਈਨ ਦੇ ਇਨਸਾਫ਼ ਨੂੰ ਇਕ ਲਕੀਰ ਕਰ ਲਿਆ।
ਲਸ਼ਕਰਾਂ ਨੂੰ ਤੋੜ ਕੇ, ਮੂੰਹ ਤੇਗ਼ਾਂ ਦੇ ਮੋੜ ਕੇ, ਆਕੀਆਂ ਨੂੰ ਅਖ਼ੀਰ ਅਸਾਂ ਸਿੱਧਾ ਤੀਰ ਕਰ ਲਿਆ।
ਬਿਜਲੀਆਂ ਵੀ ਥਕੀਆਂ ਆਸ਼ੀਆਨੇ ਸਾੜ ਕੇ, ਬਿਜਲੀਆਂ ਦੇ ਘਰ ਨੂੰ ਜਦੋਂ ਜਾਗੀਰ ਕਰ ਲਿਆ।
ਤਕਦੀਰ ਸਾਡੀ ਹੱਸੀ ਬਦਬਖ਼ਤੀ ਨੂੰ ਵੇਖ ਕੇ, ਬਦ ਬਖ਼ਤਾਂ ਵੀ ਹੱਸ ਕੇ ਉਨ੍ਹੂੰ ਤਕਦੀਰ ਕਰ ਲਿਆ।
ਮੰਜ਼ਿਲਾਂ ਨੇ ਭਾਵੇਂ ਸਾਡੀਆਂ ਦੁਖਿਆਰੀਆਂ, ਪਰ ਸਫ਼ਰ ਦਾ ਸਾਮਾਨ ਹਰ ਇਕ ਸਫ਼ੀਰ ਕਰ ਲਿਆ।
ਜਾਓ ਜਾ ਕੇ ਦਸ ਦਿਓ ਹਾਕਮਾਂ ਨੰ ਮੁਖ਼ਬਰੋ, ਅਸੀਂ ਅਜ ਆਪਣਾ ਦਸਤਿ-ਸ਼ਮਸ਼ੀਰ ਕਰ ਲਿਆ।
ਕੀਤੀਆਂ 'ਹਮਦਰਦ' ਬਥੇਰੀਆਂ ਹਮਦਰਦੀਆਂ, ਢੇਰ ਚਿਰ ਕ੍ਰਿਸ਼ਮਾ ਇਹ ਬੇਨਜ਼ੀਰ ਕਰ ਲਿਆ।

ਜਾਗੀਰ ਸਿੰਘ ਹਮਦਰਦ

# ਫ਼ਾਰਸੀ ਕਲਾਮ

ਹਰ ਫ਼ਰਦੋ ਜ਼ਨਿ ਜ਼ਮਾਨਾਇ-ਬੇਖ਼ਬਰ ।
ਨਿਸ਼ਾਨੀ ਚੰਦ ਆਸ਼ਕਾਂ ਰਾ ਐ ਪਿਸਰ ।
ਆਹ ਸਰਦ ਰੰਗ ਜ਼ਰਦ ਦਰ ਬਦਰ ।
ਕਮਗੋਈ, ਖ਼੍ਵਾਬ ਗੁਮ ਵ ਚਸ਼ਮ ਤਰ ।
ਬੇਦਾਰੀ, ਬੇਕਰਾਰੀ, ਕਮਖ਼ੁਰਦੀ ਖੰਦੀ ਬੇਅਸਰ ।
ਦਰਦ ਮੁਗ਼ੱਨੀ ਲਾਜ਼ਮ ਰੁਸਵਾਈ ਹਸ਼ਰ । (ਹਮਦਰਦ)

# ਕਬ੍ਰਸਤਾਨ

ਕਬ੍ਰਸਤਾਨ ਇਕ ਉਹ ਜਗ੍ਹਾ ਹੈ ਜਿੱਥੇ ਪ੍ਰਾਣੀ ਦੇ ਪਾਰਥਿਵ ਸਰੀਰ ਨੂੰ, ਪ੍ਰਾਣੀ ਦੇ ਧਾਰਮਿਕ ਰਸਮ ਦੇ ਮੁਤਾਬਿਕ ਸੰਭਾਲਿਆ ਜਾਂਦਾ ਹੈ। ਕੋਈ ਦਫ਼ਨ ਕਰਦਾ ਹੈ; ਕੋਈ ਅਗਨ ਭੇਂਟ ਕਰਦਾ ਹੈ; ਕੋਈ ਜਲ ਪ੍ਰਵਾਹ ਕਰਦਾ ਹੈ; ਅਤੇ ਕੋਈ ਕਾਂਵਾਂ ਕੁੱਤਿਆਂ ਨੂੰ ਮ੍ਰਿਤ ਸਰੀਰ ਖਵਾ ਦੇਂਦੇ ਹਨ। "ਕਬ੍ਰਸਤਾਨ" ਫ਼ਾਰਸੀ ਜ਼ਬਾਨ ਦਾ ਬਹੁਤ ਮਸ਼ਹੂਰ ਲਫ਼ਜ਼ ਹੈ। ਇਸ ਦਾ ਅਰਥ ਹੈ: ਇਕਾਂਤ ਵਾਸ। ਇਸ ਨੂੰ ਹਿੰਦੀ ਵਿਚ ਸ਼ਮਸ਼ਾਨ ਭੂਮੀ ਕਿਹਾ ਜਾਂਦਾ ਹੈ। ਪੰਜਾਬੀ ਵਿਚ ਇਸ ਨੂੰ ਮਸਾਣ ਘਾਟ ਕਿਹਾ ਜਾਂਦਾ ਹੈ (ਪੰਜਾਬੀ ਨੇ ਇਹ ਨਾਂ ਪ੍ਰਾਕ੍ਰਿਤ ਤੇ ਅਪਭ੍ਰੰਸ਼ ਬੋਲੀਆਂ ਵਿਚੋਂ ਲਿਆ ਹੈ)। ਪ੍ਰਾਣੀ ਦੇ ਮ੍ਰਿਤ ਸਰੀਰ ਨੂੰ ਸਾਂਭਣ ਵਾਸਤੇ ਕਬ੍ਰਸਤਾਨ ਜ਼ਰੂਰੀ ਸਮਝਿਆ ਜਾਂਦਾ ਹੈ, ਤਾਂ ਕਿ ਮ੍ਰਿਤ ਸਰੀਰ ਗਲ ਸੜ ਜਾਣ 'ਤੇ ਬਦਬੂ ਦਾ ਕਾਰਣ ਨਾ ਬਣ ਜਾਏ। ਇਸ ਮ੍ਰਿਤ ਸਰੀਰ ਨੂੰ ਸਾਂਭਣ ਦੀ ਪ੍ਰਕ੍ਰਿਯਾ ਨੂੰ ਇਕ ਸ਼ਾਇਰ ਨੇ ਇੰਝ ਦਰਸਾਇਆ ਹੈ:

*ਕੋਈ ਕਹਿਤਾ ਹੈ ਇਸ ਕੋ ਜਲਾ ਦੋ; ਕੋਈ ਕਹਿਤਾ ਹੈ ਇਸੇ ਦਫ਼ਨਾ ਦੋ।*

*ਮਤਲਬ ਤੋ ਸਬ ਕਾ ਏਕ ਹੈ ਇਸ ਕੋ ਸਫ਼ਇ-ਹਸਤੀ ਸੇ ਮਿਟਾ ਦੋ।*

ਭਾਵੇਂ ਮ੍ਰਿਤ ਪ੍ਰਾਣੀ ਨੂੰ ਜਲਾ ਦਿੱਤਾ ਜਾਏ ਯਾ ਦਫ਼ਨਾ ਦਿੱਤਾ ਜਾਏ, ਪਰ ਇਸ ਜਲਾਣ ਦਫ਼ਨਾਣ ਦੀ ਪ੍ਰਕ੍ਰਿਯਾ ਨੂੰ ਅੰਤਿਮ ਰੂਪ ਦੇਣ ਵਾਸਤੇ ਮਜ਼ਹਬੀ ਫ਼ਿਰਕਿਆਂ ਵੱਲੋਂ ਵੱਸੋਂ ਤੋਂ ਇਕਪਾਸੇ ਜਗ੍ਹਾ ਮੁਕੱਰਰ ਕੀਤੀ ਹੁੰਦੀ ਹੈ। ਇਹ ਟਿਕਾਣਾ ਭਾਵੇਂ ਮ੍ਰਿਤਕ ਦੇਹੀ ਦਾ ਹੀ ਹੈ,ਪਰ ਇਸ ਦੇਹੀ ਵਿਚ ਇਕ ਹੋਰ ਜੋਤਿ ਕਾਰਜ ਰਤ ਹੈ ਜਿਸ ਨੂੰ ਆਤਮਾ ਕਿਹਾ ਜਾਂਦਾ ਹੈ। ਇਸ ਦਾ ਟਿਕਾਣਾ ਕਿਸੇ ਹੋਰ ਅਦ੍ਰਿਸ਼ ਦੇਸ਼ ਵਿਚ ਮਿਥਿਆ ਗਿਆ ਹੈ। ਗੁਰਮਤਿ ਮੁਤਾਬਿਕ ਇਸ ਦੇਸ਼ ਨੂੰ ਸੱਚ ਖੰਡ ਦੱਸਿਆ ਗਿਆ ਹੈ। ਮ੍ਰਿਤਿਯੂ ਉਪਰਾਂਤ ਆਤਮਾ ਦੇ ਟਿਕਾਣੇ ਬਾਬਤ ਵੱਖ-ਵੱਖ ਧਾਰਨਾਵਾਂ ਹਨ ਕਿ ਮਨੁੱਖ ਦੇ ਮਰਣ ਮਗਰੋਂ ਇਸ ਦੀ ਆਤਮਾ ਕੀਤੇ ਹੋਏ ਕਰਮਾਂ ਮੁਤਾਬਿਕ ਨਰਕ ਜਾਂ ਸਵਰਗ ਦਾ ਭਾਗੀ ਬਣਦੀ ਹੈ। ਪਰ, ਗੁਰਮਤਿ ਮੁਤਾਬਿਕ ਇਸ ਪਹਿਲੂ 'ਤੇ ਨਜ਼ਰ ਮਾਰੀਏ ਤਾਂ ਇਕ ਮਾਰਗ ਦਰਸ਼ਨ ਹੋਏਗਾ ਕਿ ਨਰਕ ਸਵਰਗ ਤੋਂ ਇਲਾਵਾ ਇਕ ਹੋਰ ਜਹਾਨ ਵੀ ਹੈ ਜੋ ਗੁਰਮੁਖ ਗੁਰਸਿੱਖ ਦੀ ਮੰਜ਼ਿਲ-ਮਕਸੂਦ ਹੈ। ਗੁਰਮੁਖ ਗੁਰਸਿੱਖ ਦੀਆਂ ਨਜ਼ਰਾਂ ਵਿਚ ਨਾ ਨਰਕ ਦੀ ਅਹੀਯਤ ਹੈ, ਨਾ ਸਵਰਗ ਦੀ। ਗੁਰਮੁਖ ਗੁਰਸਿੱਖ ਤਾਂ ਮਹਿਜ਼ ਆਪਣੇ ਅਸਲੇ ਨਾਲ ਸਦੀਵੀ ਵਸਲ (ਮਿਲਾਪ) ਦਾ ਹੀ ਤਲਬਗ਼ਾਰ ਹੈ।

ਗੁਰਬਾਣੀ ਦਾ ਫ਼ੁਰਮਾਨ ਹੈ ਕਿ:

*ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ॥*

*ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪਰਸਾਦੇ ॥* (ਗੁਰੂ ਗ੍ਰੰਥ ਸਾਹਿਬ, ਸਫ਼ਾ 969)

ਇਕ ਫ਼ਾਰਸੀ ਦੇ ਵਿਦਵਾਨ ਨੇ ਗੁਰਬਾਣੀ ਦੇ ਇਸ ਕਥਨ ਨੂੰ ਇਸ ਤਰ੍ਹਾ ਸਟੀਕ ਕੀਤਾ ਹੈ:

*ਬਾਗ਼ਿ-ਫ਼ਿਰਦੌਸ ਹੈ ਮੰਜ਼ਿਲ ਥਕੇ ਹਾਰੋਂ ਕੀ;*

*ਠਹਰ ਜਾਏਂ ਠਹਰਨੇ ਵਾਲੇ, ਹਮ ਤੋ ਸਫ਼ਰ ਕਰਤੇ ਹੈਂ।*

ਗੁਰਮਤਿ ਦੀ ਰੌਸ਼ਨੀ ਦੇ ਤਹਿਤ ਮਾਨਵ ਜੀਵਨ ਬਤੀਤ ਕੀਤਾ ਜਾਏ ਤਾਂ ਸਾਰੇ ਕਰਮ ਕਾਂਡ ਮ੍ਰਿਗ

ਤ੍ਰਿਸ਼ਨਾ ਹੀ ਜਾਪਣਗੇ। ਗੁਰਮਤਿ ਮੁਤਾਬਿਕ ਬਸਰ ਕੀਤੀ ਜ਼ਿੰਦਗੀ ਸੱਚੀ ਬੰਦਗੀ ਹੈ; ਆਤਮ ਗਿਆਨ ਹੈ। ਗੁਰਮਤਿ ਦਾ ਜੀਵਨ ਜਿਊਂਦਿਆਂ ਹੀ ਇਹ ਸੋਝੀ ਆ ਜਾਂਦੀ ਹੈ ਕਿ ਮਰਨਾ ਕੀ ਹੈ ਤੇ ਜੀਣਾ ਕੀ ਹੈ ?

ਗੁਰਮਤਿ ਇਸ ਗੱਲ ਨੂੰ ਮੰਨਦੀ ਹੈ ਕਿ ਮਨੁੱਖਾ ਸਰੀਰ ਪੰਜ ਭੂਤਕ ਹੈ। ਇਨ੍ਹਾਂ ਪੰਜ ਭੂਤਾਂ ਨੂੰ ਪੰਜ ਤੱਤ ਵੀ ਕਿਹਾ ਜਾਂਦਾ ਹੈ। ਇਸ ਬਾਬਤ ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ:

*ਪਉਣੈ ਪਾਣੀ ਅਗਨੀ ਕਾ ਮੇਲੁ॥*

*ਚੰਚਲ ਚਪਲ ਬੁਧਿ ਕਾ ਖੇਲੁ ॥*(ਗੁਰੂ ਗ੍ਰੰਥ ਸਾਹਿਬ, ਸਫ਼ਾ 152)

…

*ਦੇਹੀ ਮਾਟੀ ਬੋਲੈ ਪਉਣੁ॥ ਬੁਝੁ ਰੇ ਗਿਆਨੀ ਮੂਆ ਹੈ ਕਉਣੁ ॥* (ਗੁਰੂ ਗ੍ਰੰਥ ਸਾਹਿਬ, ਸਫ਼ਾ 152)

ਇਕ ਹਿੰਦੀ ਦਾ ਵਿਦਵਾਨ ਵੀ ਇਸ ਕਥਨ ਦੀ ਪੁਸ਼ਟੀ ਕਰਦਿਆਂ ਲਿਖਦਾ ਹੈ ਕਿ:

*ਛਿਤ ਜਲ ਪਾਵਕ ਗਗਨ ਸਮੀਰਾ।*

*ਪੰਚ ਤੱਤ ਮਿਲ ਅਧਮ ਸਰੀਰਾ।*

ਇਕ ਉਰਦੂ ਦਾ ਸ਼ਾਇਰ ਇਸ ਤਰ੍ਹਾ ਕਲਮ-ਦਰਾਜ਼ ਹੈ:

*ਜ਼ਿੰਦਗੀ ਕਿਯਾ ਹੈ? ਅਨਾਸਰ ਕਾ ਜ਼ਹੂਰਿ-ਤਰਤੀਬ*

*ਮੌਤ ਕਿਯਾ ਹੈ? ਇਨਹੀਂ ਆਜ਼ਜ਼ਾ ਕਾ ਪਰੀਸ਼ਾਂ ਹੋਨਾ।*

ਇਨ੍ਹਾਂ ਤੱਤਾਂ ਦੇ ਜੁਜ਼ (ਕੰਬੀਨੇਸ਼ਨ, ਮਿਲਾਪ) ਨੂੰ ਹੀ ਜੀਵਨ ਕਹਿੰਦੇ ਹਨ। ਜਦੋਂ ਇਹ ਤੱਤ ਆਪਣੇ ਅਸਲੇ (ਮਾਦੇ) ਵਿਚ ਮਿਲ ਜਾਣ ਤਾਂ ਸਰੀਰ ਮ੍ਰਿਤਯੂ ਹੋ ਜਾਂਦਾ ਹੈ। ਅਕਾਲ ਪੁਰਖ ਨੇ ਬੜੀ ਖ਼ੁਸ਼ ਅਸਲੂਬੀ ਨਾਲ (ਚੰਗੇ ਤਰੀਕੇ ਨਾਲ) ਜੋੜ ਜਮਾ ਕੇ ਜੀਵਨ ਚੇਤਨਤਾ ਬਖ਼ਸ਼ੀ ਹੈ। ਇਹ ਚੇਤਨਤਾ ਜਦੋਂ ਅਚੇਤਨਤਾ ਦੀ ਅਵਸਥਾ ਧਾਰਨ ਕਰ ਜਾਏ ਤਾਂ ਜੀਵਨ ਜੋਤਿ ਬੁਝ ਜਾਂਦੀ ਹੈ। ਬਸ ਇਸ ਨੂੰ ਹੀ ਸਿਆਣੇ 'ਮੌਤ' ਕਰਾਰ ਦੇਂਦੇ ਹਨ।

ਇਨਸਾਨ ਅਪਣੀ ਮਰਜ਼ੀ ਨਾਲ ਨਾ ਜਨਮ ਲੈ ਸਕਦਾ ਹੈ ਤੇ ਨਾ ਹੀ ਮੌਤ ਹਾਸਿਲ ਕਰ ਸਕਣ ਦੀ ਸਲਾਹੀਯਤ ਰਖਦਾ ਹੈ। ਗੁਰਬਾਣੀ ਦਾ ਫ਼ੁਰਮਾਨ ਹੈ:

*ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥*

*ਘਲਹਿ ਆਵਹਿ ਨਾਨਕਾ ਸਦੇ ਉਠੀ ਜਾਹਿ ॥*(ਗੁਰੂ ਗ੍ਰੰਥ ਸਾਹਿਬ, ਸਫ਼ਾ 1239)

ਉਰਦੂ ਦਾ ਮਸ਼ਹੂਰ ਸ਼ਾਇਰ ਜ਼ੌਕ ਇਸ ਬਾਰੇ ਸੇਅਰ ਵਿਚ ਤਜ਼ਕਿਰਾ ਕਰਦਾ ਹੈ:

*ਅਪਨੀ ਖ਼ੁਸ਼ੀ ਨ ਆਏ, ਨ ਅਪਨੀ ਖ਼ੁਸ਼ੀ ਚਲੇ।*

*ਲਾਈ ਹਯਾਤ ਆਏ ਕਜ਼ਾ ਲੇ ਚਲੀ ਚਲੇ।*

ਜਦੋਂ ਦਰਗਾਹੀ ਸੱਦੇ ਆ ਜਾਂਦੇ ਹਨ ਤਾਂ ਸਫ਼ਰ ਦਾ ਸਾਮਾਨ ਬੰਨ੍ਹਣ ਦਾ ਸਮਾਂ ਨਹੀਂ ਮਿਲਦਾ। ਪਰ ਇਨਸਾਨ ਦੀ ਫ਼ਿਤਰਤ ਹੈ ਕਿ ਮਰਨਾ ਨਹੀਂ ਚਾਹੁੰਦਾ। "ਕਿਤੇ ਚਾਰ ਹੋਰ ਦਿਨ ਜੀਵਨ ਮਿਲ ਜਾਂਦਾ ਤਾਂ ਮੈਂ ਕੁਝ ਅਧੂਰੇ ਕਾਰਜ ਪੂਰੇ ਕਰ ਜਾਂਦਾ।" ਇਨਸਾਨ ਦੀ ਫ਼ਿਤਰਤੀ ਸੁਰਤਿ-ਹਾਲ ਦੀ ਤਰਜਮਾਨੀ ਕਰਦਿਆਂ ਫ਼ਾਰਸੀ ਸ਼ਾਇਰ ਜ਼ੁਬਾਂ-ਦਰਾਜ਼ ਹੈ:

*ਮੁਲਕਿ-ਅਦਮ ਸੇ ਹੁਕਮਿ-ਸਫ਼ਰ ਹੁਆ ਥਾ ਕਿਉਂ?*

*ਕਾਰਿ-ਜਹਾਂ ਦਰਾਜ਼ ਹੈ ਅਭੀ ਕੁਛ ਇੰਤਜ਼ਾਰ ਕਰ।*

ਇਕ ਇਤਿਹਾਸਕ ਘਟਨਾ ਹੈ ਕਿ ਅਫ਼ਲਾਤੂ (ਅਫ਼ਲਾਤੂਨ, ਪਲੈਟੋ) ਦੀ ਜਦੋਂ ਮੌਤ ਆਈ ਤਾਂ ਉਸ ਨੇ ਆਪਣੀ ਚਲਾਕੀ ਨਾਲ ਆਪਣੀ ਸ਼ਕਲ ਵਰਗੇ ਕਈ ਪੁਤਲੇ ਬਣਾ ਕੇ ਆਪ ਉਨ੍ਹਾਂ ਵਿਚ ਲੁਕ ਕੇ ਬੈਠ ਗਿਆ। ਮੌਤ ਫ਼ਰੇਬ ਖਾ ਗਈ ਤੇ ਵਾਪਿਸ ਖ਼ਾਲੀ ਧਰਮਰਾਜ ਦੇ ਦਰਬਾਰ ਵਿਚ ਜਾ ਪੇਸ਼ ਹੋਈ ਤੇ ਸਾਰੀ ਘਟਨਾ ਸੁਣਾ ਦਿੱਤੀ। ਧਰਮਰਾਜ ਨੇ ਦੁਬਾਰਾ ਮੌਤ ਨੂੰ ਵਾਪਿਸ ਜਾਣ ਵਾਸਤੇ ਕਿਹਾ ਅਤੇ ਹਦਾਇਤ ਕੀਤੀ ਕਿ ਅਫ਼ਲਾਤੂ ਦੇ ਬਣਾਏ ਹੋਏ ਪੁਤਲਿਆਂ ਦੀ ਨਿੰਦਾ ਕਰਨੀ। ਅਸਲੀ ਅਫ਼ਲਾਤੂ ਆਪਣੀ ਚਲਾਕੀ ਦੀ ਨਿੰਦਾ ਨਹੀਂ ਬਰਦਾਸ਼ਤ ਕਰ ਸਕੇਗਾ ਅਤੇ ਬੋਲ ਉਠੇਗਾ ਕਿ ਤੂੰ ਕੌਣ ਹੈਂ ਮੇਰੀ ਕਲਾਕ੍ਰਿਤੀ ਦੀ ਨਿੰਦਾ ਕਰਨ ਵਾਲੀ? ਝਦੋਂ ਉਹ ਬੋਲਿਆ ਤਾਂ ਉਸ ਵੇਲੇ ਮੌਤ ਨੇ ਉਸ ਦੀ ਮੌਤ ਕਰ ਦਿਤੀ। ਮੌਤ ਨੂੰ ਫ਼ਰੇਬ ਦੇਣ ਵਾਲਾ ਅਫ਼ਲਾਤੂ ਮੌਤ ਦੇ ਮਾਰੂ ਵਾਰ ਤੋਂ ਨਾ ਬਚ ਸਕਿਆ। ਗ਼ਰਜ਼ਿ ਕਿ: ਜਿਸ ਨੇ ਜਨਮ ਲਿਆ ਹੈ, ਉਸ ਦੀ ਮੌਤ ਲਾਜ਼ਮੀ ਹੈ। ਉਰਦੂ ਦਾ ਇਕ ਸ਼ਾਇਰ ਲਿਖਦਾ ਹੈ:

*ਹੈ ਆਬਾਦ ਦੁਨੀਆਂ ਕਾ ਆਲਮ ਯੇਹ ਕੈਸਾ, ਨਾ ਰਹਿਤੀ ਯਹਾਂ ਜਿਸਮੋ-ਜਾਂ ਦੇਖਤੇ ਹੈਂ।*

*ਜੋ ਆਇਆ ਯਹਾਂ ਪਰ ਰਹਨੇ ਨਾ ਪਾਯਾ, ਸਭੀ ਕੂਚ ਕਰਤ ਮੀਆਂ ਦੇਖਤੇ ਹੈਂ।*

"ਮਰਨਾ ਸਚ ਤੇ ਜੀਣਾ ਝੂਠ" ਇਕ ਅਟਲ ਸਚਾਈ ਹੈ। ਮਰਨਾ ਸਭ ਨੇ ਹੈ ਭਾਵੇਂ ਉਹ ਕਿਸੇ ਜੂਨ ਵਿਚ ਆਵੇ। ਪ੍ਰਾਣੀ ਦੇ ਮ੍ਰਿਤਕ ਸਰੀਰ ਨੂੰ ਸੰਭਾਲਣ ਵਾਸਤੇ ਕਬ੍ਰਸਤਾਨ ਮੁਕੱਰਰ ਹਨ; ਮਗਰ ਮਨੁੱਖਾ ਜੂਨ ਤੋਂ ਸਿਵਾ ਕਿਸੇ ਹੋਰ ਜੀਵ ਜੰਤੂ ਨੂੰ ਇਹ ਸਹੂਲਤ ਹਾਸਿਲ ਨਹੀਂ ਹੈ। ਇਹ ਕਬ੍ਰਸਤਾਨ ਦੀ ਸਹੂਲਤ ਸਿਰਫ਼ ਮਨੁੱਖਾ ਦੇਹੀ ਵਾਲੀ ਸਿਰਮੌਰ ਜੂਨ ਨੂੰ ਹੀ ਹਾਸਿਲ ਹੈ। ਕਬ੍ਰਸਤਾਨ ਬਾਰੇ ਪੰਜਾਬੀ ਦੇ ਮਸ਼ਹੂਰ ਕਵੀ ਅਤੇ ਲਿਖਾਰੀ ਲਾਲਾ ਧਨੀ ਰਾਮ ਚਾਤ੍ਰਿਕ ਜੀ ਕਲਮ-ਦਰਾਜ਼ ਹਨ:

*ਇਸ ਦਗੜ ਦਗੜ ਦੀ ਦੁਨੀਆਂ ਤੋਂ ਇੱਕਲਵਾਂਝੇ ਇਕ ਵਾਸੀ ਹੈ।*
*ਖ਼ਾਮੋਸ਼ੀ ਜਿਸ ਦੀ ਬੋਲੀ ਹੈ ਤੇ ਰੌਣਕ ਜ਼ਿਦੀ ਉਦਾਸੀ ਹੈ।*
*...*
*ਵਾਸੀ ਇਸ ਚੁਪ ਦੀ ਨਗਰੀ ਦੇ ਸਦੀਆਂ ਤੋਂ 'ਕੱਠੇ ਰਹਿੰਦੇ ਨੇ।*
*ਕਦੇ ਸਾਂਝੀ ਹੋਈ ਜ਼ਬਾਨ ਨਹੀਂ ,ਨਾ ਮੁਖ ਥੀਂ ਵੇਦਣ ਕਹਿੰਦੇ ਨੇ।*
*...*
*ਜਦ ਦੇ ਇਹ ਧੌਲਰ ਮੱਲੇ ਨੇ, ਨਾ ਖੋਲ੍ਹੇ ਮੁੜ ਦਰਵਾਜ਼ੇ ਨੇ।*
*ਅਰਮਾਨ ਧਰੇ ਹਨ ਛਾਤੀ 'ਤੇ ਅਤੇ ਪੈਰ ਪਸਾਰ ਬਰਾਜੇ ਨੇ।*
*...*
*ਆ ਦਿਲ ਇਥੇ ਹੀ ਰਹਿ ਪਈਏ, ਹੁਣ ਲੈਣ ਪਿਛਾਂਹ ਕੀ ਜਾਣਾ ਹੈ।*
*ਉਹ ਚਾਰ ਦਿਨਾਂ ਦੀ ਖਪ-ਖਪ ਹੈ, ਓੜਕ ਦਾ ਇਹੋ ਟਿਕਾਣਾ ਹੈ।*

– ਜਾਗੀਰ ਸਿੰਘ ਹਮਦਰਦ

# ਆਪਣੀ ਸਮਝ ਤੇ ਪਛਤਾਵਾ

ਇਕ ਨਹੀਂ ਦੋ ਦੋ ਨਹੀਂ ਛੇ ਛੇ ਜ਼ਿੰਦਗੀਆਂ ਬਰਬਾਦ ਹੋ ਜਾਂਦੀਆਂ ਹਨ ਜਦ ਇਹ ਸੋਚਣੇ ਹਾਂ ਕਿ ਬੱਚੇ ਜਾਂ ਬੱਚੀ ਦੀ ਸ਼ਾਦੀ ਜ਼ਬਰਦਸਤੀ ਕਰ ਦਿਆਂਗੇ ਤੇ ਸਭ ਕੁਝ ਠੀਕ ਹੋ ਜਾਏਗਾ। ਇਹ ਸਾਡੀ ਬਹੁਤ ਹੀ ਵੱਡੀ ਗ਼ਲਤੀ ਹੈ। ਇਸ ਗ਼ਲਤੀ ਦੇ ਕਾਰਨ ਆਪਣੇ ਸਾਰੇ ਪਰਿਵਾਰ ਨੂੰ ਬਦਨਾਮ ਕਰ ਲੈਂਦੇ ਹਾਂ ਤੇ ਫਿਰ ਪੱਛੋਤਾਂਦੇ ਹਾਂ ਕਿ ਸਾਨੂੰ ਇਹ ਨਹੀਂ ਸੀ ਕਰਨਾ ਚਾਹੀਦਾ। ਅਗਰ ਇਹੋ (ਜੇ ਕਰ) ਪਹਿਲਾਂ ਸੋਚਿਆ ਹੋਵੇ ਤਾਂ ਏਨੀ ਜ਼ਿੱਲਤ ਤੇ ਮੁਸੀਬਤ ਨਾ ਝੱਲਣੀ ਪਵੇ। ਜੇ ਕਰ ਇਕ ਬੜਾ ਵੱਡਾ ਲਫ਼ਜ਼ ਹੈ ਜਿਸ ਦਾ ਅੰਤ ਨਾ ਕੋਈ ਪਾ ਸਕਿਆ ਹੈ ਅਤੇ ਨਾ ਹੀ ਪਾ ਸਕੇਗਾ। ਜੇ ਕਰ (If I knew) ਹਰ ਇਕ ਮਾਤਾ ਪਿਤਾ ਜਾਣਦਾ ਹੈ ਕਿ ਸਾਡਾ ਬੱਚਾ ਜਾਂ ਬੱਚੀ ਗ਼ਲਤ ਰਸਤੇ ਜਾ ਰਹੇ ਹਨ, ਲੇਕਿਨ ਇਹ ਸਭ ਕੁਝ ਜਾਣਦੇ ਹੋਏ ਵੀ ਅਸੀਂ ਭੂੱਲ ਜਾਂਦੇ ਹਾਂ ਕਿ ਅਸੀਂ ਇਕ ਨਹੀਂ ਦੋ ਦੋ ਨਹੀਂ ਛੇ ਛੇ ਜ਼ਿੰਦਗੀਆਂ ਬਰਬਾਦ ਕਰਨ ਲੱਗੇ ਹਾਂ। ਅਸੀਂ ਸੋਚਣੇ ਹਾਂ ਕਿ ਸ਼ਾਦੀ ਕਰ ਦਿਆਂਗੇ ਤੇ ਸਭ ਕੁਝ ਠੀਕ ਹੋ ਜਾਏਗਾ।

ਜਿਸ ਤਰ੍ਹਾਂ ਵਾਰਿਸ ਸ਼ਾਹ ਨੇ ਲਿਖਿਆ ਹੈ "ਵਾਰਿਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ, ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ"। ਜੋ ਭੈੜੀ ਆਦਤ ਕਿ ਵਾਰੀ ਪੈ ਜਾਵੇ ਉਹ ਨਹੀਂ ਜਾਂਦੀ। ਇਹ ਸਭ ਕੁਝ ਸੋਚ ਕੇ ਕਦਮ ਚੁੱਕਣਾ ਚਾਹੀਦਾ ਹੈ ਕਿ ਜਿਸ ਤਰ੍ਹਾਂ ਅਸੀਂ ਕਿਸੇ ਦੀ ਧੀ ਭੈਣ ਦੀ ਜ਼ਿੰਦਗੀ ਬਰਬਾਦ ਕਰਨ ਲੱਗੇ ਹਾਂ ਜੇ ਕਰ ਕੋਈ ਸਾਡੀ ਧੀ ਭੈਣ ਦੀ ਜ਼ਿੰਦਗੀ ਬਰਬਾਦ ਕਰੇ ਤਾਂ ਅਸੀਂ ਕੀ ਕਰਾਂਗੇ। ਇਹ ਸਭ ਸੋਚ ਸਮਝ ਕੇ ਬੱਚੇ ਜਾਂ ਬੱਚੀ ਦੀ ਸ਼ਾਦੀ ਕਰਨੀ ਚਾਹੀਦੀ ਹੈ। ਇਕ ਨਹੀਂ ਦੋ ਦੋ ਨਹੀਂ ਛੇ ਛੇ ਜ਼ਿੰਦਗੀਆਂ ਬਰਬਾਦ ਹੋ ਜਾਂਦੀਆਂ ਹਨ। ਇਹ ਹਨ ਛੇ: 1. ਬੱਚਾ 2. ਬੱਚੀ 3-4. ਬੱਚੇ ਦੇ ਮਾਤਾ ਪਿਤਾ 5-6 ਬੱਚੀ ਦੇ ਮਾਤਾ ਪਿਤਾ। ਛੇ ਦੇ ਨਾਲ ਦਾਦਕੇ ਤੇ ਨਾਨਕੇ ਦੇ ਪਰਿਵਾਰਾਂ ਦਾ ਨਾਂ ਵੀ ਬਦਨਾਮ ਹੋ ਜਾਂਦਾ ਹੈ; ਅਤੇ ਰਿਸ਼ਤੇਦਾਰਾਂ ਨੂੰ ਵੀ ਸ਼ਰਮ ਆਉਂਦੀ ਹੈ।

ਇਨ੍ਹਾਂ ਗੱਲਾਂ ਨੂੰ ਸਮਝਣਾ ਚਾਹੀਦਾ ਹੈ ਕਿ ਸਾਡਾ ਬਚਾ ਜਾਂ ਬੱਚੀ ਸਹੀ ਹਨ ਤੇ ਸ਼ਾਦੀ ਕਰੀਏ ਨਹੀਂ ਤਾਂ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਜੀਣ ਦੇਈਏ ਤੇ ਅਸੀਂ ਦਖ਼ਲ ਨਾ ਦੇਈਏ। ਇਹ ਤਾਂ ਠੀਕ ਹੈ ਕਿ ਹਰ ਇਕ ਮਾਤਾ ਪਿਤਾ ਚਾਹੁੰਦਾ ਹੈ ਕਿ ਸਾਡਾ ਬੱਚਾ ਜਾਂ ਬੱਚੀ ਸੁਖੀ ਜੀਵਨ ਬਤੀਤ ਕਰੇ; ਲੇਕਿਨ ਅਸੀਂ ਭੁੱਲ ਜਾਂਦੇ ਹਾਂ ਕਿ ਅੱਜ ਕਲ੍ਹ ਦੀ ਪੀੜ੍ਹੀ (Generation) ਇਸ ਗੱਲ ਵੱਲ ਧਿਆਨ ਨਹੀਂ ਦੇਂਦੀ ਕਿ ਕਿ ਕਿਸ ਤਰ੍ਹਾਂ ਨਾਲ ਸਾਡੇ ਮਾਤਾ ਪਿਤਾ ਨੇ ਸਾਨੂੰ ਪਾਲਿਆ ਹੈ ਤੇ ਉਨ੍ਹਾਂ ਦੀ ਇੱਜ਼ਤ ਕਰੀਏ।

ਬੜੇ ਅਫ਼ਸੋਸ ਨਾਲ ਇਹ ਲੇਖ ਲਿਖਿਆ ਹੈ ਕਿ ਮਾਤਾ ਪਿਤਾ ਲਈ ਵੀ ਤੇ ਨੌਜਵਾਨ ਪੀੜ੍ਹੀ (Young Generation) ਲਈ ਆਪਣੀ ਕੌਮ ਅੱਗੇ ਬੇਨਤੀ ਹੈ ਕਿ ਇਸ 'ਤੇ ਵਿਚਾਰ ਕਰੋ ਤੇ ਆਪਣੀ ਕੌਮ ਵਿਚ ਜਾਗਰਤੀ ਲਿਆਵੋ। ਆਪਣੀ ਸਮਝ ਮੁਤਾਬਿਕ ਇਹ ਲੇਖ ਲਿਖਿਆ ਹੈ; ਹੋ ਸਕਦਾ ਹੈ ਕਿਸੇ ਨੂੰ ਸਹੀ ਲੱਗੇ ਜਾਂ ਨਾ ਲੱਗੇ। ਅਗ਼ਰ ਕੋਈ ਗ਼ਲਤ ਲਫ਼ਜ਼ ਲਿਖਿਆ ਗਿਆ ਹੋਵੇ ਤਾਂ ਖਿਮਾਂ ਦਾ ਜਾਚਕ ਹਾਂ।

ਸ. ਦਲੇਰ ਸਿੰਘ ਭਾਕੜ ਤੋਤੇਆਂ ਵਾਲੇ 12/10/06

# ਮੁਕਤਸਰ ਦੇ ਚਾਲ੍ਹੀ ਮੁਕਤੇ



ਭਾਈ ਕਾਨ੍ਹ ਸਿੰਘ ਨਾਭਾ ਨੇ (ਮਹਾਨ ਕੋਸ਼, ਸਫ਼ਾ 981 'ਤੇ) ਸੰਨ 1763 ਦੀ ਮਾਘੀ (29 ਦਸੰਬਰ 1705) ਦੇ ਦਿਨ ਮੁਕਤਸਰ ਵਿਚ ਸ਼ਹੀਦ ਹੋਣ ਵਾਲੇ ਚਾਲ੍ਹੀ ਮੁਕਤਿਆਂ ਦੇ ਨਾਂ ਇਹ ਦਿੱਤੇ ਹਨ:

1. ਭਾਈ ਸ਼ਮੀਰ ਸਿੰਘ 2. ਭਾਈ ਸਰਜਾ ਸਿੰਘ 3. ਭਾਈ ਸਾਧੂ ਸਿੰਘ 4. ਭਾਈ ਸੁਹੇਲ ਸਿੰਘ 5. ਭਾਈ ਸੁਲਤਾਨ ਸਿੰਘ 6. ਭਾਈ ਸੋਭਾ ਸਿੰਘ 7. ਭਾਈ ਸੰਤ ਸਿੰਘ 8. ਭਾਈ ਹਰਸਾ ਸਿੰਘ 9. ਭਾਈ ਹਰੀ ਸਿੰਘ 10. ਭਾਈ ਕਰਨ ਸਿੰਘ 11. ਭਾਈ ਕਰਮ ਸਿੰਘ 12. ਭਾਈ ਕਾਲ੍ਹਾ ਸਿੰਘ 13. ਭਾਈ ਕੀਰਤ ਸਿੰਘ 14. ਭਾਈ ਕ੍ਰਿਪਾਲ ਸਿੰਘ 15. ਭਾਈ ਖੁਸ਼ਹਾਲ ਸਿੰਘ 16. ਭਾਈ ਗੁਲਾਬ ਸਿੰਘ 17. ਭਾਈ ਗੰਗਾ ਸਿੰਘ 18. ਭਾਈ ਗੰਡਾ ਸਿੰਘ 19. ਭਾਈ ਘਰਬਾਰਾ ਸਿੰਘ 20. ਭਾਈ ਚੰਬਾ ਸਿੰਘ 21. ਭਾਈ ਜਾਦੋ ਸਿੰਘ 22. ਭਾਈ ਜੋਗਾ ਸਿੰਘ 23. ਭਾਈ ਜੰਗ ਸਿੰਘ 24. ਭਾਈ ਦਿਆਲ ਸਿੰਘ 25. ਭਾਈ ਦਰਬਾਰਾ ਸਿੰਘ 26. ਭਾਈ ਦਿਲਬਾਗ ਸਿੰਘ 27. ਭਾਈ ਧਰਮ ਸਿੰਘ 28. ਭਾਈ ਧੰਨਾ ਸਿੰਘ 29. ਭਾਈ ਨਿਹਾਲ ਸਿੰਘ 30. ਭਾਈ ਨਿਧਾਨ ਸਿੰਘ 31. ਭਾਈ ਬੂੜ ਸਿੰਘ 32. ਭਾਈ ਭਾਗ ਸਿੰਘ 33. ਭਾਈ ਭੋਲਾ ਸਿੰਘ 34. ਭਾਈ ਭੰਗਾ ਸਿੰਘ 35. ਭਾਈ ਮੱਸਾ ਸਿੰਘ 36. ਭਾਈ ਮਾਨ ਸਿੰਘ 37. ਭਾਈ ਮੈਯਾ ਸਿੰਘ 38. ਭਾਈ ਰਾਇ ਸਿੰਘ 39. ਭਾਈ ਲਛਮਣ ਸਿੰਘ 40. ਭਾਈ ਮਹਾਂ ਸਿੰਘ।

2.

ਇਕ ਹੋਰ ਸੂਚੀ ਇੰਵ ਹੈ: 1.ਭਾਈ ਭਾਗ ਸਿੰਘ ਝਬਾਲੀਆ 2. ਭਾਈ ਮਹਾਂ ਸਿੰਘ ਖੇਰ ਪੁਰੀਆ 3. ਭਾਈ ਦਿਲਬਾਗ ਸਿੰਘ 4. ਭਾਈ ਕੰਧਾਰਾ ਸਿੰਘ 5. ਭਾਈ ਦਰਬਾਰਾ ਸਿੰਘ 6. ਭਾਈ ਗੰਢਾ ਸਿੰਘ/ਗੰਗਾ ਸਿੰਘ 7. ਭਾਈ ਰਾਇ ਸਿੰਘ 8. ਭਾਈ ਸੀਤਲ ਸਿੰਘ 9. ਭਾਈ ਸੁੰਦਰ ਸਿੰਘ ਝਲੀਆ 10. ਭਾਈ ਕ੍ਰਿਪਾਲ ਸਿੰਘ 11.

ਭਾਈ ਦਿਆਲ ਸਿੰਘ 12. ਭਾਈ ਨਿਹਾਲ ਸਿੰਘ 13.ਭਾਈ ਕੁਸ਼ਾਲ ਸਿੰਘ 14. ਭਾਈ ਸੁਹੇਲ ਸਿੰਘ 15. ਭਾਈ ਚੰਭਾ ਸਿੰਘ 16. ਭਾਈ ਸ਼ਮੀਰ ਸਿੰਘ 17. ਭਾਈ ਸਰਜਾ ਸਿੰਘ 18. ਭਾਈ ਹਰਜਾ ਸਿੰਘ 19. ਭਾਈ ਬੂੜ ਸਿੰਘ 20. ਭਾਈ ਸੁਲਤਾਨ ਸਿੰਘ ਪਰੀ 21. ਭਾਈ ਨਿਧਾਨ ਸਿੰਘ 22. ਭਾਈ ਸੋਭਾ ਸਿੰਘ 23. ਭਾਈ ਹਰੀ ਸਿੰਘ 24. ਭਾਈ ਕਰਮ ਸਿੰਘ 25. ਭਾਈ ਧਰਮ ਸਿੰਘ 26. ਭਾਈ ਕਾਲਾ ਸਿੰਘ 27. ਭਾਈ ਸੰਤ ਸਿੰਘ 28. ਭਾਈ ਕੀਰਤ ਸਿੰਘ 29.ਭਾਈ ਗੁਲਾਬ ਸਿੰਘ 30. ਭਾਈ ਜਾਦੇ ਸਿੰਘ 31.ਭਾਈ ਜੋਗਾ ਸਿੰਘ 32.ਭਾਈ ਤੇਗਾ ਸਿੰਘ 33. ਭਾਈ ਧੰਨਾ ਸਿੰਘ 34. ਭਾਈ ਭੋਲਾ ਸਿੰਘ 35. ਭਾਈ ਮੱਲਾ ਸਿੰਘ 36. ਭਾਈ ਮਾਨ ਸਿੰਘ 37. ਭਾਈ ਲਛਮਣ ਸਿੰਘ 38. ਭਾਈ ਸਾਧੂ ਸਿੰਘ 39. ਭਾਈ ਮੱਸਾ ਸਿੰਘ 40.ਭਾਈ ਜੋਗਾ ਸਿੰਘ ।

ਕੁਝ ਹੋਰ ਲੇਖਕਾਂ ਨੇ ਵੀ ਚਮਕੌਰ ਦੇ ਚਾਲ੍ਹੀ ਮੁਕਤਿਆਂ ਨਾਂ ਦਿੱਤੇ ਹਨ। ਇਨ੍ਹਾਂ ਵਿਚ ਕਵੀ ਸੰਤੋਖ ਸਿੰਘ, ਗਿਆਨੀ ਗਿਆਨ ਸਿੰਘ ਤੇ ਸੁਮੇਰ ਸਿੰਘ ਆਦਿਕ ਹਨ। ਪਰ ਭੱਟ ਵਹੀਆਂ ਦੇ ਸਬੂਤਾਂ ਨੂੰ ਸਾਹਮਣੇ ਰੱਖਿਆਂ ਇਨ੍ਹਾਂ ਦੀਆਂ ਸੂਚੀਆਂ ਸਹੀ ਸਾਬਿਤ ਨਹੀਂ ਹੁੰਦੀਆਂ।

ਸਿੱਖ ਇਤਿਹਾਸਕਾਰ ਡਾ. ਹਰਜਿੰਦਰ ਸਿੰਘ ਦਿਲਗੀਰ ਦੀ ਕਿਤਾਬ "ਮਾਤਾ ਗੁਜਰੀ, ਚਾਰ ਸਾਹਿਬਜ਼ਾਦੇ, ਚਾਲ੍ਹੀ ਮੁਕਤੇ" ਮੁਤਾਬਿਕ ਸੰਨ 1763 ਦੀ ਮਾਘੀ (29 ਦਸੰਬਰ 1705) ਦੇ ਦਿਨ ਮੁਕਤਸਰ ਵਿਚ ਸ਼ਹੀਦ ਹੋਣ ਵਾਲੇ ਚਾਲ੍ਹੀ ਮੁਕਤਿਆਂ ਦੇ ਪੂਰੇ ਨਾਂ ਨਹੀਂ ਮਿਲਦੇ; ਸਿਰਫ਼ ਹੇਠ ਲਿਖੇ ਨਾਂ ਮਿਲ ਸਕੇ ਹਨ: ਸੁੰਦਰ ਸਿੰਘ ਬ੍ਰਾਹਮਣ, ਰਾਏ ਸਿੰਘ ਪਰਮਾਰ, ਮਹਾਂ ਸਿੰਘ ਤੇ ਸੀਤਲ ਸਿੰਘ (ਦੋਵੇਂ ਪੁੱਤਰ ਰਾਏ ਸਿੰਘ ਤੇ ਭਤੀਜੇ ਭਾਈ ਮਨੀ ਸਿੰਘ), ਘਰਬਾਰਾ ਸਿੰਘ, ਭਾਗ ਸਿੰਘ, ਦਿਲਬਾਗ ਸਿੰਘ, ਨਿਧਾਨ ਸਿੰਘ ਵੜੈਚ, ਸੁਲਤਾਨ ਸਿੰਘ ਵੜੈਚ, ਗੰਡਾ ਸਿੰਘ, ਖੁਸ਼ਹਾਲ ਸਿੰਘ, ਬੂੜ ਚਿਬ੍ਰਾਹਮਣ ਵਗ਼ੈਰਾ। ਇਹ ਨਾਂ ਭੱਟ ਵਹੀਆਂ ਅਤੇ ਉਨ੍ਹਾਂ ਵੇਲਿਆਂ ਦੇ ਸੋਮਿਆਂ ਵਿਚੋਂ ਲੱਭਦੇ ਹਨ।

**– ਜਾਗੀਰ ਸਿੰਘ ਹਮਦਰਦ**



**ਮੁਕਤਸਰ ਵਿਚ ਚਾਲ੍ਹੀ ਮੁਕਤਿਆਂ ਦੀ ਯਾਦ ਵਿਚ ਬਣਿਆ ਹੋਇਆ 'ਮੀਨਾਰੇ ਮੁਕਤਾ'**

# Hari Singh Nalwa – General Sikh Khalsa Fauj 1804 – 1837



Sikh General Hari Singh Nalwa was feared by his enemies, he managed to defeat Afghan monarch Kutab-ud-din Khan at the Battle of Kasur in 1807. Subsequently, Hari Singh Nalwa was feared by Afghan Invaders, across Afghanistan and beyond.

**Known as** – Baghmar (Tiger-Killer)
**Born** - 1791
Gujranwala, Shukarchakia Misl, Sikh Confederacy
(present-day Punjab, Pakistan)
**Died** - 30 April 1837 (aged 46)
Jamrud, Khyber Pass, Sikh Empire
(present-day Khyber Pakhtunkhwa, Pakistan)
**Allegiance** - Sikh Empire flag (Ruler - Maharaja Ranjit Singh)
**Service/branch** - Sikh Khalsa Army
**Years of service** - 1804–1837
**Rank** -Jarnail of the Sikh Khalsa Fauj
Commander-in-chief along the Afghan Frontier (1825–1837)
**Commands held** -
Diwan of Kashmir (1820), Diwan of Hazara (1822–1837), Diwan of Peshawar (1834-1836)
**Battles/Wars fought (15)** -
Battle of Barnala, Battle of Kasur (1807), Battle of Sialkot (1808), Battle of Jammu (1808), Battle of Attock (1813), Battle of Multan (1818), Battle of Shopian (1819), Battle of Mangal (1821), Battle of Mankera (1821), Battle of Nowshera (1823), Battle of Sirikot (1824), Battle of Saidu (1827), Battle of Balakot (1831), Battle of Peshawar (1837) and Battle of Jamrud (1837)
**Awards** - Izazi-i-Sardari
**Spouse(s)** - Raj Kaur and Desan Kaur
**Parents** - Gurdial Singh Uppal (Father) and Dharam Kaur (Mother)
**Early life**

Hari Singh Nalwa was born in Gujranwala, in the Majha region of Punjab to Dharam Kaur and Gurdial Singh Uppal. After his father died in 1798, he was raised by his mother. In 1801, at the age of ten, he took Amrit Sanchar and was initiated as a Khalsa. At the age of twelve, he began to manage his father's estate and took up horse riding.
In 1804, at the age of thirteen, his mother sent him to the court of Maharaja Ranjit Singh to resolve a property dispute. Ranjit Singh decided the arbitration in his favour because of his background and aptitude. Hari Singh had explained that his father and grandfather had served under Maha Singh and Charat Singh, the Maharaja's ancestors, and demonstrated his skills as a horseman and musketeer. Ranjit Singh gave him a position at the court as a personal court attendant.

## Military career



Maharaja Ranjit Singh engaged him to serve as his personal attendant at his court. He was awarded the title of "Sardar," while serving in Maharaja Ranjit Singh's troops. He had command over a sizeable army. After he was appointed Commander-in-Chief, Hari Singh Nalwa was given control of the Khyber Pass's most covert path, which was frequently used for looting, murder, and kidnapping.
*Once he and Maharaja Ranjit Singh were travelling through a jungle, a lion suddenly charged at the Maharaja's horse. In order to defend the Maharaja from the attack, Nalwa leaped and grabbed the lion.*


This information is a respectful tribute to the bravery and achievements of one of Maharaja Ranjit Singh's (Shere-Punjab) decorated Commander-in- Chief officers, Sardar Hari Singh Nalwa, feared by all enemies of the Punjab Raj in the 18th Century, under the rule of Maharaja Ranjit Singh (Shere-Punjab). This tribute has been compiled by Punjab Singh Sewak, in loving memory of my Father, the late Sardar Man Singh Sewak Ji.



S. MAN SINGH SEWAK




ਗੁਰਦੁਆਰਾ ਤੰਬੂ ਸਾਹਿਬ ਮੁਕਤਸਰ



ਗੁਰਦੁਆਰਾ ਟਿੱਬੀ ਸਾਹਿਬ ਮੁਕਤਸਰ